ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਪੰਜਾਬ)

ਅਮਲਾ-1 ਸਾਖਾ

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ
ਪੰਜਾਬ

ਮੀਮੋ ਨੰ. 16/1-2012 -ਸਅ-1(1-2)
ਮਿਤੀ, ਸਅਸ ਨਗਰ 06-04-2015

ਵਿਸ਼ਾ:- ਮਾਸਟਰ/ਮਿਸਟ੍ਰੈਸ ਤੋਂ ਮੁੱਖ ਅਧਿਆਪਕਾਂ ਦੀਆਂ ਹੋਈਆਂ ਵਿਭਾਗੀ ਪਦ ਉਨਤੀਆਂ ਦੌਰਾਨ ਪਦ ਉਨਤ ਹੋਏ ਮੁੱਖ ਅਧਿਆਪਕਾਂ ਨੂੰ ਸਟੇਸਨ ਦੇਣ ਸੰਬੰਧੀ।

ਉਪਰੋਕਤ ਵਿਸੇ ਦੇ ਸੰਬੰਧ ਵਿਚ ਸਰਕਾਰ ਦੇ ਪੱਤਰ ਨੰ 12/46/14-5ਸਿ-2-4360-69 ਮਿਤੀ 31-03-2015 ਰਾਂਹੀ ਮਾਸਟਰ/ਮਿਸਟ੍ਰੈਸ ਤੋਂ ਮੁੱਖ ਅਧਿਆਪਕਾਂ ਦੀਆਂ ਪਦ ਉਨਤੀਆਂ ਦੀ ਲਿਸਟ ਮਿਤੀ 31-03-2015 ਨੂੰ ਐਸ ਐਸ ਏ ਦੀ ਵੈੱਬ ਸਾਈਟ ਤੇ ਪਾਈ ਗਈ ਸੀ। ਉਸ ਲਿਸਟ ਵਿਚ ਦਰਜ ਸਰਤਾਂ ਦੇ ਅਧਾਰ ਤੇ ਜਿਨ੍ਹਾ ਉਮੀਦਵਾਰਾਂ ਨੇ ਜਿਲ੍ਹਾ ਸਿੱਖਿਆ ਅਫਸਰਾਂ ਕੋਲ ਹਾਜਰੀ ਦਿੱਤੀ ਹੈ, ਉਨ੍ਹਾ ਮੁੱਖ ਅਧਿਆਪਕਾਂ ਨੂੰ ਸਟੇਸਨ ਅਲਾਟ ਕਰਨ ਲਈ ਕਾਊਂਸਲਿੰਗ ਮਿਤੀ 12-04-2015 ਅਤੇ 14-04-2015 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਡੀਟੋਰੀਅਮ ਵਿਚ ਹੇਠ ਦਰਸਾਈ ਸਾਰਨੀ ਅਨੁਸਾਰ ਰੱਖੀ ਗਈ ਹੈ।

| ਲੜੀ ਨੰ. (ਪ੍ਰੋਮੋਸਨ ਲਿਸਟ) | ਮਿਤੀ | ਸਮਾਂ | ਵਿਸ਼ੇਸ਼ ਕਥਨ |
|---|---|---|---|
| ਹੈਡੀਕੈਪਡ/ਵਿਧਵਾ/ਕੁਆਰੀ (01 ਤੋ 665 ਤੱਕ) | 12-04-2015 | 9:00 | ਵਰਕਿੰਗ ਮੈਰਿਟ ਅਨੁਸਾਰ ਪਹਿਲਾਂ ਬਲਾਇੰਡ, ਹੀਰਿੰਗ, ਆਰਥੋ, ਵਿਧਵਾ ਅਤੇ ਕੁਆਰੀ |
| 1-150 ਤੱਕ | 12-04-2015 | 11:00 | ਉਪਰੋਕਤ ਕੈਟਾਗਰੀ ਤੋ ਬਗੈਰ ਬਾਕੀ ਉਮੀਦਵਾਰ ਵਰਕਿੰਗ ਮੈਰਿਟ ਅਨੁਸਾਰ |
| 151-300 ਤੱਕ | 12-04-2015 | 2:00 | |
| 301-450 ਤੱਕ | 14-04-2015 | 9:00 | |
| 451-600 ਤੱਕ | 14-04-2015 | 12:00 | |
| 601-665 ਤੱਕ | 14-04-2015 | 2:00 | |

ਉਪਰੋਕਤ ਦਰਸਾਈ ਸਾਰਨੀ ਅਨੁਸਾਰ ਕਰਮਚਾਰੀ ਦਾ ਹਾਜਰ ਹੋਣਾ ਬਹੁਤ ਜਰੂਰੀ ਹੈ। ਹਾਜਰ ਨਾ ਹੋਣ ਦੀ ਸੂਰਤ ਵਿੱਚ ਕਰਮਚਾਰੀ ਖੁਦ ਜਿੰਮੇਵਾਰ ਹੋਵੇਗਾ। ਇਸ ਸੰਬੰਧ ਵਿਚ ਸਮੂਹ ਜਿਲ੍ਹਾ ਸਿੱਖਿਆ ਅਫਸਰ ਆਪਣੇ ਜਿਲ੍ਹੇ ਨਾਲ ਸੰਬੰਧਤ ਉਮੀਦਵਾਰਾਂ ਨੂੰ ਨਿੱਜੀ ਪੱਧਰ ਤੇ ਸੂਚਿਤ ਕਰਨਗੇਂ। ਮਿਤੀ 12-04-2015 ਅਤੇ 14-04-2015 ਨੂੰ ਸਮੂਹ ਜਿਲ੍ਹਾ ਸਿੱਖਿਆ ਅਫਸਰ ਦਫਤਰ ਦੇ ਡੀਲਿੰਗ ਸਹਾਇਕ ਕਾਊਂਸਲਿੰਗ ਵਿਚ ਹਾਜਰ ਹੋਏ ਮੁੱਖ ਅਧਿਆਪਕਾਂ ਦੀਆਂ ਹਾਜਰੀ ਰਿਪੋਰਟਾਂ ਅਤੇ ਜਿਹੜੇ ਕਰਮਚਾਰੀ ਬਤੌਰ ਮੁਖ ਅਧਿਆਪਕ ਹਾਜਰ ਹੋਣ ਤੋ ਇਨਕਾਰੀ ਹਨ ਉਹਨਾਂ ਦਾ ਲਿਖਤੀ ਰੂਪ ਵਿਚ ਅਸਹਿਮਤੀ ਪੱਤਰ ਜਿਸ ਤੇ ਸਕੂਲ ਮੁਖੀ ਵਲੋ ਸਰਟੀਫਿਕੇਟ ਦਿੱਤਾ ਜਾਵੇਗਾ। ਇਹ ਸੂਚਨਾ ਮਿਤੀ 10-4-15 ਤੱਕ adsa1.dpise@gmail.com ਤੇ 10:00 ਵਜੇ ਤੱਕ ਭੇਜੀ ਜਾਵੇ ਅਤੇ ਅਸਲ ਹਾਜਰੀ/ਇਨਕਾਰੀ ਰਿਪੋਰਟ ਦੀ ਕਾਪੀ ਅਤੇ ਖਾਲੀ ਅਸਾਮੀਆਂ ਦੀ ਸੂਚੀ ਮਿਤੀ 12-4-15 ਨੂੰ ਸਵੇਰੇ 8-30 ਵਜੇ ਅਮਲਾ-1 ਸਾਖਾ ਦਫਤਰ ਡੀ.ਪੀ.ਆਈ. ਵਿਖੇ ਲੈ ਕੇ ਨਿੱਜੀ ਪੱਧਰ ਤੇ ਸੰਬੰਧਤ ਸਹਾਇਕ ਹਾਜਰ ਹੋਣਾ ਯਕੀਨੀ ਬਣਾਉਣ।

ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ

ਪਿਠ ਅੱਕਣ ਨੰ.:ਉਕਤ ਮਿਤੀ, ਸਅਸ ਨਗਰ : 6-04-2015

ਉਤਾਰਾ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਿੱਖਿਆ ਵਿਭਾਗ ਸਿ-2 ਸਾਖਾ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ